ਦੇਸ਼ ਸੇਵਕ, ਚੰਡੀਗੜ੍ਹ, ਐਤਵਾਰ 9 ਅਪ੍ਰੈਲ, 2000

# ਪ੍ਰੀਤਲੜੀ ਦਾ ਵਿਸਾਖੀ ਅੰਕ

ਵਿਚਾਰ-ਚਰਚਾ

ਗੁਰਸ਼ਰਨ ਸਿੰਘ



ਪੰਜਾਬ ਦੀ ਸੰਵੇਦਨਾ ਨੂੰ ਇਕ ਦਿਸ਼ਾ ਦੇਣ ਵਿਚ ਪ੍ਰੀਤਲੜੀ ਦੀ ਇਕ ਵਿਸ਼ੇਸ਼ ਭੂਮਿਕਾ ਰਹੀ ਹੈ। ਇਹ ਦਿਸ਼ਾ ਮਨੁੱਖ ਦੀ ਸੋਚਣੀ ਨੂੰ ਕੱਟੜਵਾਦ ਤੋਂ ਆਜ਼ਾਦ ਕਰਵਾ ਕੇ ਉਸ ਨੂੰ ਵਿਸ਼ਾਲ ਅਤੇ ਤਰਕਸ਼ੀਲ ਬਣਾਉਣਾ ਹੈ। ਕੱਟੜਵਾਦ ਭਾਵੇਂ ਧਾਰਮਕ ਹੋਵੇ, ਭਾਵੇਂ ਸਿਧਾਂਤ ਦੇ ਨਾਂ 'ਤੇ ਹੋਵੇ, ਸਿਆਸੀ ਹੋਵੇ ਜਾਂ ਸਭਿਆਚਾਰਕ ਵਿਰਸੇ ਦੇ ਨਾਂ ਤੇ ਹੋਵੇ, ਉਹ ਹਮੇਸ਼ਾ ਮਾਨਵਵਾਦ ਦੇ ਉਲਟ ਭੁਗਤਦੀ ਹੈ। ਪ੍ਰੀਤਲੜੀ ਵਿਚ ਛੱਪਦਾ ਸ੍ਰ. ਗੁਰਬਖਸ਼ ਸਿੰਘ ਦਾ ਕਾਲਮ 'ਰੋਜ਼ਾਨਾ ਜ਼ਿੰਦਗੀ ਦੀ ਸਿੱਖਿਆ', ਨਵਤੇਜ ਹੋਰਾਂ ਦੀ ਟਿੱਪਣੀਆਂ ਮੇਰੀ ਧਰਤੀ ਮੇਰੇ ਲੋਕ' ਦੇ ਕਾਲਮ ਵਿਚ ਅਤੇ ਫੇਰ ਕੁਝ ਚਿਰ ਲਈ ਸੁਮੀਤ ਦੀਆਂ ਲਿਖਤਾਂ ਬਹੁਤ ਕੁਝ ਤਹਾਨੂੰ ਸੋਚਣ 'ਤੇ ਮਜਬੂਰ ਕਰਦੀਆਂ ਸਨ। ਹੁਣ ਪੂਨਮ ਨੇ ਇਸ ਕੰਮ ਨੂੰ ਅੱਗੇ ਤੋਰਨ ਦਾ ਕੰਮ ਬੜੀ ਸ਼ਿੱਦਤ ਨਾਲ ਜਾਰੀ ਰੱਖਿਆ ਹੈ। ਪ੍ਰੀਤਲੜੀ ਦਾ ਵਿਸਾਖੀ ਅੰਕ ਇਸ ਦੀ ਮਿਸਾਲ ਹੈ। ਇਸ ਅੰਕ ਵਿਚ ਜਿਥੇ ਪੰਜਾਬ ਦੀ ਜਵਾਨੀ ਨੂੰ ਘੁਣ ਵਾਕੁਨ ਖਾਂਦੇ ਨਸ਼ਿਆਂ ਬਾਰੇ ਅਤੇ ਉਹਨਾਂ ਤੋਂ ਨਿਜਾਤ ਪਾਉਣ ਬਾਰੇ ਜ਼ਰੂਰੀ ਵਿਗਿਆਨਕ ਜਾਣਕਾਰੀ ਦਿੱਤੀ ਗਈ ਹੈ, ਉਥੇ ਸੰਪਾਦਕੀ ਟਿੱਪਣੀਆਂ ਅਤੇ ਕੁਲਦੀਪ ਨਈਅਰ ਦੀ ਇਨਸਾਨੀ ਹੱਕਾਂ ਦੀ ਡਾਇਰੀ, ਜਸਵੀਰ ਭੁੱਲਰ ਦੀ ਕਹਾਣੀ ਸਮੁੰਦਰ ਵੱਲ ਦੀ ਖਿੜਕੀ ਅਤੇ ਪ੍ਰੀਤਮ ਸਿੰਘ ਹੋਰਾਂ ਦੀ ਹਮੇਸ਼ਾ ਵਾਕੁਨ ਦਲੇਰ ਪਹੁੰਚ ਵਾਲੀ ਪੁਸਤਕ ਪੜਚੋਲ ਤੁਹਾਡਾ ਧਿਆਨ ਖਿੱਚਦੀ ਹੈ। ਪ੍ਰੀਤਲੜੀ ਦੇ ਇਸ ਅੰਕ ਵਿਚ ਕੁਝ ਗੱਲਾਂ ਇਥੇ ਪਾਠਕਾਂ ਨਾਲ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ।

• ਨਸ਼ਿਆਂ ਬਾਰੇ : ਪੂਨਮ ਆਪਣੇ ਸੰਪਾਦਕੀ ਨੋਟ ਵਿਚ ਲਿਖਦੀ ਹੈ ਕਿ ਪੰਜਾਬ ਵਿਚ ਹੋ ਰਹੇ ਵੱਡੀ ਪੱਧਰ 'ਤੇ ਸ਼ਰਾਬ ਆਦਿ ਦੇ ਨਸ਼ਿਆਂ ਬਾਰੇ ਅਸੀਂ ਬੜੀ ਹੀ ਕੀਮਤੀ, ਯੁੱਗਬਦਲੂ ਸੰਭਾਵਨਾ ਵਾਲੀ ਜਾਣਕਾਰੀ ਲੈ ਕੇ ਆਏ ਹਾਂ। ਚੇਨਈ (ਮਦਰਾਸ) ਤੋਂ। ਇਹ ਟੀ.ਟੀ. ਕੇ. ਹਸਪਤਾਲ ਤੇ ਖੋਜ ਕੇਂਦਰ ਇਕ ਸੰਸਾਰ ਪ੍ਰਸਿੱਧ ਸੰਸਥਾ ਹੈ, ਜਿਥੇ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਵੀ, ਆਪਣੇ ਖ਼ਰਚ ਤੇ ਸਿਖ਼ਲਾਈ ਲੈਣ ਲਈ ਵਿਅਕਤੀਆਂ ਨੂੰ ਭੇਜ ਰਹੀ ਹੈ।

ਜੋ ਹੋਰ ਥਾਵਾਂ ਤੋਂ ਠੀਕ ਨਹੀਂ ਹੋ ਪਾਉਂਦੇ, ਉਹ ਵੀ ਅਖੀਰ ਇਥੇ ਆਉਂਦੇ ਹਨ, ਤਾਂ ਠੀਕ ਹੁੰਦੇ ਵੇਖੇ ਗਏ ਹਨ। ਇਨ੍ਹਾਂ ਦੀ ਪਹੁੰਚ ਬਹੁ-ਪੱਧਰੀ ਹੈ। ਨਸ਼ੇ ਨੂੰ ਸ਼ੂਗਰ ਆਦਿ ਵਾਂਗ ਬਿਮਾਰੀ ਸਮਝਿਆ ਜਾਂਦਾ ਹੈ। ਸਿਰਫ਼ ਔਰਤਾਂ ਵੱਲੋਂ ਚਲਾਈ ਜਾ ਰਹੀ ਇਸ ਸੰਸਥਾ ਵਿਚ ਮੁਹੱਬਤ ਅਤੇ ਲਗਨ ਪ੍ਰਤੱਖ ਹੈ। ਇਥੇ ਠੀਕ ਹੋਣ ਦੇ ਲਈ ਮਰੀਜ਼ ਸਣੇ ਸਾਰੇ ਜ਼ਿੰਮੇਂਵਾਰੀ ਲੈਂਦੇ ਵੇਖੇ ਜਾਂਦੇ ਹਨ। ਵੱਡੇ ਕਾਰੋਬਾਰੀ ਘਰਾਨੇ ਦੀ, ਸ਼ਰਾਬ ਹੱਥੋਂ ਵਿਧਵਾ ਹੋਈ ਨੂੰਹ ਨੇ ਸੱਸ-ਸਹੁਰੇ ਦੀ ਮੱਦਦ ਨਾਲ ਇਹ ਪ੍ਰਸਿੱਧ ਹੋਇਆ ਉਦਮ ਕੀਤਾ ਹੈ। ਪੂਨਮ ਲਿਖਦੀ ਹੈ ਕਿ ਪੰਜਾਬ ਤੋਂ ਉਥੇ ਸਿਖਲਾਈ ਲੈਣ ਲਈ ਲੋਕ ਭੇਜੇ ਜਾਣੇ ਚਾਹੀਦੇ ਹਨ ਅਤੇ ਪੰਜਾਬੀ ਜਾਣਨ ਵਾਲਾ ਕੋਈ ਉਥੇ ਵੀ ਆਪਣੀ ਸੇਵਾ ਦੇਣ ਲਈ ਸ਼ਾਮਲ ਹੋਵੇ। ਪੰਜਾਬ ਵਿਚ ਉਥੋਂ ਭਾਸ਼ਨ ਕਰਨ ਲਈ ਮਾਹਿਰ ਸੱਦੇ ਜਾਣੇ ਚਾਹੀਦੇ ਹਨ। ਤਾਂ ਜੋ ਕਈ ਜ਼ਿੰਦਗੀਆਂ ਬਚ ਸਕਣ, ਜਿਸ ਤਰ੍ਹਾਂ ਕਿ ਅਸੀਂ ਉਥੇ ਅੱਖੀਂ ਬਚਦੀਆਂ ਵੇਖੀਆਂ ਹਨ ਜਿਸ ਤੋਂ ਪ੍ਰਤ ਹੋ ਕੇ ਹੀ ਅਸੀਂ ਇਹ ਲੰਮਾ ਸਫ਼ਰ ਕੀਤਾ।... ਇਸ ਸੰਸਥਾ ਬਾਰੇ ਪ੍ਰੀਤਲੜੀ ਦੇ ਇਸ ਅੰਕ ਵਿਚ ਦਿੱਤੀ ਜਾਣਕਾਰੀ ਵੱਧ ਤੋਂ ਵੱਧ ਲੋਕਾਂ ਤੱਕ ਪੁੱਜਣੀ ਚਾਹੀਦੀ ਹੈ।

• ਜਗੀਰੂ ਯੁੱਗ ਦੀ ਪਛਾਣ ਵਾਲੇ ਲੋਕ ਗੀਤ : ਇਸ ਵਿਸਾਖੀ ਨੂੰ ਅਸੀਂ ਉਹਨਾਂ ਲੋਕ ਗੀਤਾਂ ਤੋਂ ਵੀ ਨਾਤਾ ਤੋੜਣਾ ਲੋਚਦੇ ਹਾਂ ਜੋ ਵਿਰਸੇ ਦੇ ਨਾਂ ਉੱਤੇ ਅਸੀਂ ਗਾਈ ਜਾਂਦੇ ਹਾਂ। ਇਹ ਗੀਤ ਹਰ ਕਿਸਮ ਦੀ ਪਿਛਾਕੜ ਸੋਚ ਖਾਸ ਕਰਕੇ ਔਰਤ ਦੀ ਹੀਣਤਾ ਨੂੰ ਹੀ ਦੁਹਰਾਂਦੇ ਹਨ। ਬੀਤ ਗਏ ਵਿਚ ਜੋ ਵੇਲਾ ਹੰਢਾ ਚੁੱਕਾ ਹੈ, ਰੱਦ ਕਰਨਾ ਜ਼ਰੂਰੀ ਹੈ। ਦੁਖਾਂ-ਸੁੱਖਾਂ ਦੇ ਗੀਤਾਂ ਦੇ ਸੰਦਰਭ ਬਦਲ ਰਹੇ ਹਨ।... ਨਵੇਂ ਯੁੱਗ ਦੇ ਗੀਤ ਸਿਰਜੀਏ... ਤੇ ਸਿਰਜਣਗੇ ਉਹੀ ਜੋ ਲੋਚਦੇ-ਤਾਂਘਦੇ ਹਨ ਉਸ ਨੂੰ।

• ਕਲਿੰਟਨ ਦੀ ਕਹੀ-ਗੱਲ : ਅਮਰੀਕਾ ਦੇ ਪ੍ਰਧਾਨ ਨੇ ਬੜੀਆਂ ਗੱਲਾਂ ਕਹੀਆਂ ਹਨ, ਜਿਨ੍ਹਾਂ ਨਾਲ ਅਸੀਂ ਸਹਿਮਤ ਨਹੀਂ ਹੋ ਸਕਦੇ ਪਰ ਇਕ ਗੱਲ ਨਾਲ ਸਹਿਮਤ ਹੋਣਾ ਜ਼ਰੂਰੀ ਹੈ ਕਿ ਸਾਡੀ ਤਕਨੀਕੀ ਤਰੱਕੀ ਗ਼ਰੀਬਾਂ ਦੇ ਪੱਖ ਵਿਚ ਹੋਣੀ ਜ਼ਰੂਰੀ ਹੈ। ਗ਼ਰੀਬਾਂ ਨੂੰ ਤਕੜੇ ਕਰਨ ਨਾਲ ਹੀ ਆਰਥਕਤਾ ਤਕੜੀ ਹੋਵੇਗੀ। ਉਸ ਦੇ ਮੂੰਹੋਂ ਸੁਣਨੀ ਚੰਗੀ ਲਗਦੀ ਹੈ— ਅਮਰਤਯ ਸੇਨ ਦੀ ਬੋਲੀ।

• ਇਕ ਕਵਿਤਾ : ਪ੍ਰੀਤਲੜੀ ਦੇ ਇਸ ਅੰਕ ਵਿਚ ਮਨੋਮਹਨ ਦੋਸਤ ਦੀ ਕਵਿਤਾ 'ਮੈਂ ਬਾਗ਼ੀ ਹਾਂ' ਦੇ ਬੋਲ ਮਰਹੂਮ ਦਰਸ਼ਨ ਸਿੰਘ ਦੇ ਬੋਲ ਵਾਕੁਨ ਸਮੇਂ ਦੇ ਬੋਲ ਹੋ ਕੇ ਸਾਡੇ ਸਾਹਮਣੇ ਆਂਦੇ ਹਨ :

*ਮੈਂ ਬਾਗ਼ੀ ਹਾਂ, ਬਗ਼ਾਵਤ ਕਰਦਾ ਹਾਂ*
*ਸੀਨਾਜ਼ੋਰੀ ਨਾਲ ਅਦਾਵਤ ਕਰਦਾ ਹਾਂ*
*ਹਰ ਹਾਲਤ ਵਿਚ ਜਬਰ ਦੇ ਵਿਰੁੱਧ ਲੜਦਾ ਰਿਹਾ*
*ਕਈ ਵਾਰ ਡਿੱਗ ਕੇ ਉਠ ਖੜ੍ਹਦਾ ਰਿਹਾ*
*ਹਰ ਗ਼ਲਤ ਗੱਲ ਦੀ ਮੁਖ਼ਾਫ਼ਲਤ ਕਰਦਾ ਹਾਂ*
*ਮੈਂ ਬਾਗ਼ੀ ਹਾਂ, ਬਗ਼ਾਵਤ ਕਰਦਾ ਹਾਂ*
*ਮੌਕੇ ਦੇ ਹਾਕਮ ਹਮੇਸ਼ਾ ਕਰਦੇ ਰਹੇ ਧੱਕੇਸ਼ਾਹੀ,*
*ਜਿਸ ਦੇ ਵਿਰੁੱਧ ਸਦਾ ਬਗ਼ਾਵਤ ਹੁੰਦੀ ਆਈ*
*ਖਿੜੇ ਮੱਥੇ ਸਿਰ-ਫਿਰਾ ਹੋਣ ਦੀ ਤੁਹਮਤ ਜਰਦਾ ਹਾਂ*
*ਮੈਂ ਬਾਗ਼ੀ ਹਾਂ, ਬਗ਼ਾਵਤ ਕਰਦਾ ਹਾਂ...*

ਸੰਪਾਦਕੀ ਨੋਟ ਵਿਚ ਪੂਨਮ ਦਾ ਇਹ ਕਥਨ 'ਇਹ ਵਿਸਾਖੀ ਆਪਣੀਆਂ ਮੌਜੂਦਾ ਵਲਗਣਾਂ 'ਚੋਂ ਨਿਕਲ, ਵਿਸ਼ਵਾਸ ਨਾਲ, ਮੁੜ ਨਵੀਆਂ ਸਾਂਝੇਦਾਰੀਆਂ ਬਣਾ ਕੇ, ਆਓ ਹਰ ਇਕ ਦੀ ਭਲਾਈ ਲਈ ਹੋਰ ਨਵੇਲੇ ਰਾਹ ਲੱਭੀਏ ਪ੍ਰੀਤਲੜੀ ਦੇ ਇਸ ਅੰਕ ਨੂੰ ਸਾਂਭਣਯੋਗ ਬਣਾਂਦਾ ਹੈ।